# 2021 Official Spokesperson's response to media queries on recent developments along the Armenia-Azerbaijan border

May 19, 2021

---

## ਹਾਲ ਵਿਚ ਆਰਮੀਨੀਆ-ਅਜ਼ਰਬਾਈਜਾਨ ਸਰਹੱਦ ਉੱਤੇ ਹੋਈਆਂ ਘਟਨਾਵਾਂ ਬਾਰੇ ਮੀਡੀਆ ਦੇ ਪ੍ਰਸ਼ਨਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

19 ਮਈ, 2021

ਹਾਲ ਵਿਚ ਆਰਮੀਨੀਆ-ਅਜ਼ਰਬਾਈਜਾਨ ਸਰਹੱਦ ਉੱਤੇ ਹੋਈਆਂ ਘਟਨਾਵਾਂ ਬਾਰੇ ਮੀਡੀਆ ਦੇ ਪ੍ਰਸ਼ਨਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਕਿਹਾ:

"ਆਰਮੀਨੀਆ-ਅਜ਼ਰਬਾਈਜਾਨ ਸਰਹੱਦ ਉੱਤੇ ਸਥਿਤੀ ਨੂੰ ਵੇਖ ਸਾਨੂੰ ਚਿੰਤਾ ਹੋ ਰਹੀ ਹੈ। ਫੌਜੀ ਘੁਸਪੈਠ ਨਾਲ ਸਰਹੱਦੀ ਹਾਲਾਤ ਅਸਥਿਰ ਹੋ ਸਕਦੀ ਹਨ ਅਤੇ ਇਸ ਨਾਲ ਦੁਬਾਰਾ ਜੰਗ ਹੋ ਸਕਦੀ ਹੈ। ਅਸੀਂ ਉਲੰਘਣਾ ਕਰਨ ਵਾਲੇ ਪੱਖ ਨੂੰ ਤੁਰੰਤ ਫੌਜਾਂ ਪਿੱਛੇ ਹਟਾਉਣ ਅਤੇ ਅੱਗੇ ਤੋਂ ਭੜਕਾਹਟ ਵਾਲਾ ਕੋਈ ਕੰਮ ਨਾ ਕਰਨ ਦੀ ਅਪੀਲ ਕਰਦੇ ਹਾਂ।

ਭਾਰਤ ਨੇ ਹਮੇਸ਼ਾਂ ਰਾਜਨੀਤਿਕ ਅਤੇ ਕੂਟਨੀਤਕ ਢੰਗਾਂ ਨਾਲ ਦੁਵੱਲੇ ਵਿਵਾਦਾਂ ਦੇ ਸ਼ਾਂਤਮਈ ਹੱਲ ਦੀ ਹਮਾਇਤ ਕੀਤੀ ਹੈ। ਖੇਤਰੀ ਸੁਰੱਖਿਆ ਦੇ ਨਜ਼ਰੀਏ ਤੋਂ ਦੱਖਣੀ ਕਾਕੇਸਸ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਮਹੱਤਵਪੂਰਨ ਹੈ।"

ਨਵੀਂ ਦਿੱਲੀ
19 ਮਈ, 2021

DISCLAIMER: This is an approximate translation. The original is available in English on MEA's website and may be referred to as the official press release.